ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ

# ਪੰਜਾਬ ਵਿਧਾਨ ਸਭਾ ਸਕੱਤਰੇਤ

## ਸ਼ਨਿੱਚਰਵਾਰ, ਮਿਤੀ 11 ਮਾਰਚ, 2023 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।

### ਪਿੰਡ ਕਮਾਲਪੁਰ ਦੇ ਸਕੂਲ ਦੀ ਬਿਲਡਿੰਗ ਦੀ ਉਸਾਰੀ ਕਰਨਾ

116. **ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਖਡੂਰ ਸਾਹਿਬ ਦੇ ਪਿੰਡ ਕਮਾਲਪੁਰ ਦੇ ਸਕੂਲ ਦੀ ਬਿਲਡਿੰਗ ਦੀ ਹਾਲਤ ਬਹੁਤ ਖਰਾਬ ਹੈ; ਜੇਕਰ ਅਜਿਹਾ ਹੈ ਤਾਂ ਇਸ ਨੂੰ ਕਦੋਂ ਤੱਕ ਨਵਾਂ ਬਣਾਇਆ ਜਾਵੇਗਾ?

### ਸਾਲ 2021-22 ਅਤੇ 2022-23 ਹੁਣ ਤੱਕ ਸਰਕਾਰ ਵੱਲੋਂ ਕੀਤੀਆਂ ਭਰਤੀਆਂ ਦੇ ਵੇਰਵੇ

130. 1. **ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.**
2. **ਡਾ. ਨਛੱਤਰ ਪਾਲ, ਐਮ.ਐਲ.ਏ.)** :- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਵਿੱਤੀ ਸਾਲ, 2021-22 ਅਤੇ 2022-23 ਹੁਣ ਤੱਕ ਸਰਕਾਰ ਵੱਲੋਂ ਕਿੰਨੀਆਂ ਭਰਤੀਆਂ ਕਿਹੜੇ-ਕਿਹੜੇ ਵਿਭਾਗਾਂ ਵਿੱਚ ਅਤੇ ਕਿਹੜੇ-ਕਿਹੜੇ ਦਰਜੇ ਦੀਆਂ ਅਸਾਮੀਆਂ ਦੀਆਂ ਕੀਤੀਆਂ ਹਨ; ਵੇਰਵੇ ਦਿੱਤੇ ਜਾਣ;

**ਅ)** ਅਜਿਹੀਆਂ ਭਰਤੀਆਂ ਕਰਨ ਸਬੰਧੀ ਇਸ਼ਤਿਹਾਰ ਅਤੇ ਚੋਣ ਪ੍ਰੀਕ੍ਰਿਆ ਕਦੋਂ ਪੂਰੀ ਹੋਈ ਸੀ ਅਤੇ ਨਿਯੁਕਤੀਆਂ ਦੇ ਹੁਕਮ ਕਦੋਂ-ਕਦੋਂ ਜਾਰੀ ਕੀਤੇ ਗਏ ਅਤੇ ਬਾਕੀ ਰਹਿੰਦੀ ਭਰਤੀ ਪ੍ਰੀਕ੍ਰਿਆ ਨੂੰ ਕਦੋਂ ਤੱਕ ਮੁਕੰਮਲ ਕਰ ਲਿਆ ਜਾਵੇਗਾ;

**ੲ)** ਇਨ੍ਹਾਂ ਭਰਤੀਆਂ ਦੌਰਾਨ ਕਿੰਨੇ ਉਮੀਦਵਾਰ ਪੰਜਾਬ ਅਤੇ ਕਿੰਨੇ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਭਰਤੀ ਕੀਤੇ ਗਏ, ਵੇਰਵੇ ਸਹਿਤ ਦੱਸਿਆ ਜਾਵੇ;

**ਸ)** ਕੀ ਸਰਕਾਰ ਵੱਲੋਂ ਕੀਤੀ ਜਾ ਰਹੀ ਭਰਤੀ ਵਿੱਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਰਿਜ਼ਰਵੇਸ਼ਨ ਪਾਲਿਸੀ ਨੂੰ ਇੰਨ-ਬਿੰਨ ਲਾਗੂ ਕੀਤਾ ਜਾ ਰਿਹਾ ਹੈ, ਜੇਕਰ ਹਾਂ ਤਾਂ ਇਸ ਦੇ ਵੇਰਵੇ ਕੀ ਹਨ; ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

### ਪੰਜਾਬ ਸਿਵਲ ਸਕੱਤਰੇਤ ਵਿਖੇ ਠੇਕੇ ਤੇ ਭਰਤੀ ਕੀਤੇ ਜਾਂਦੇ ਮੁਲਾਜਮਾਂ ਦੇ ਵੇਰਵੇ

131. **ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਮੌਜੂਦਾ ਸਰਕਾਰ ਵੱਲੋਂ ਹੁਣ ਤੱਕ ਕਿੰਨੇ ਮੁਲਾਜ਼ਮ ਪੰਜਾਬ ਸਿਵਲ ਸਕੱਤਰੇਤ ਵਿਖੇ ਠੇਕੇ ਤੇ ਜਾਂ ਆਊਟ ਸੋਰਸਿੰਗ ਰਾਹੀਂ ਭਰਤੀ ਕੀਤੇ ਗਏ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਕਿੰਨੇ ਭਰਤੀ ਕੀਤੇ ਜਾਣ ਦੀ ਕੋਈ ਯੋਜਨਾ ਹੈ; ਵੇਰਵੇ ਸਹਿਤ ਦੱਸਿਆ ਜਾਵੇ;

**ਅ)** ਭਰਤੀ ਹੋਏ ਜਾਂ ਭਰਤੀ ਹੋਣ ਵਾਲੇ ਕਰਮਚਾਰੀਆਂ ਨੂੰ ਪ੍ਰਤੀ-ਮਹੀਨਾ ਕਿੰਨੀ-ਕਿੰਨੀ ਤਨਖਾਹ ਦਿੱਤੀ ਜਾ ਰਹੀ ਹੈ; ਕੈਟਾਗਰੀ-ਵਾਈਜ਼ ਵੇਰਵੇ ਦਿੱਤੇ ਜਾਣ?

### ਜਿਲ੍ਹੇਵਾਰ ਅਸਲੇ ਦੇ ਲਾਈਸੰਸਾਂ ਦੇ ਵੇਰਵੇ

137. **ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਜਿਲ੍ਹਾ ਵਾਰ ਪੰਜਾਬ ਵਿੱਚ ਇਸ ਵੇਲੇ ਕੁੱਲ ਕਿੰਨੇ ਅਸਲੇ ਦੇ ਲਾਈਸੰਸ ਦਿੱਤੇ ਹੋਏ ਹਨ;

**ਅ)** ਸਰਕਾਰ ਦੁਆਰਾ ਪੁਸ਼ਟੀ ਕਰਕੇ ਜਿਹੜੇ ਲਾਈਸੰਸ ਰੱਦ ਕਰਨ ਦੇ ਹੁਕਮ ਜਾਰੀ ਕੀਤੇ ਹਨ, ਉਹਨਾਂ ਵਿੱਚੋਂ ਕਿੰਨੇ ਲੋਕ ਕ੍ਰਿਮੀਨਲ ਰਿਕਾਰਡ ਵਾਲੇ ਹਨ?

### ਹਲਕਾ ਚੱਬੇਵਾਲ ਵਿੱਚ ਆਮ ਆਦਮੀ ਕਲੀਨਿਕਾਂ ਦੇ ਵੇਰਵੇ

152. **ਡਾ. ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਹਲਕਾ ਚੱਬੇਵਾਲ ਵਿੱਚ ਕਿੰਨੇ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਅਤੇ ਅੱਗੇ ਕਿੰਨੇ ਹੋਰ ਕਲੀਨਿਕ ਬਣਾਏ ਜਾਣ ਦੀ ਯੋਜਨਾ ਹੈ;

**ਅ)** ਇਨ੍ਹਾਂ ਕਲੀਨਿਕਾਂ ਵਿੱਚ ਜੋ ਸਟਾਫ (ਡਾਕਟਰ/ਪੈਰਾ ਮੈਡੀਕਲ) ਚੱਲਦੀਆਂ ਡਿਸਪੈਂਸਰੀਆਂ ਅਤੇ ਹਸਪਤਾਲਾਂ ਵਿੱਚੋਂ ਸਿਫਟ ਕੀਤਾ ਗਿਆ ਹੈ, ਉਹਨਾਂ ਖਾਲੀ ਹੋਈਆਂ ਅਸਾਮੀਆਂ ਨੂੰ ਭਰਨ ਦੀ ਕੀ ਤਜਵੀਜ਼ ਹੈ?

### ਨਾਗੋਕੇ ਘਰਾਟ ਤੋਂ ਫਤਿਆਬਾਦ ਜਾਂਦੀ ਸੜਕ ਨੂੰ ਚੌੜਾ ਅਤੇ ਮਜ਼ਬੂਤ ਕਰਨਾ

155. **ਸਰਦਾਰ ਦਲਬੀਰ ਸਿੰਘ ਟੌਂਗ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਨਾਗੋਕੇ ਘਰਾਟ ਤੋਂ ਫਤਿਆਬਾਦ ਨੂੰ ਜਾਂਦੀ ਸੜਕ ਜਿਸ ਦੀ ਲੰਬਾਈ 5.30 ਕਿ.ਮੀ. ਅਤੇ ਚੌੜਾਈ 10 ਫੁੱਟ ਹੈ ਅਤੇ ਇਸ ਸੜਕ ਨੂੰ ਬਣੇ ਹੋਏ ਤਕਰੀਬਨ 7 ਸਾਲ ਹੋ ਗਏ ਹਨ;

**ਅ)** ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਇਸ ਸੜਕ ਨੂੰ ਚੌੜਾ ਅਤੇ ਮਜ਼ਬੂਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

### ਪੰਜਾਬ ਵਿੱਚ (BPEO) ਦੀਆਂ ਖਾਲ੍ਹੀ ਅਸਾਮੀਆਂ ਦੇ ਵੇਰਵੇ

161. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਪੰਜਾਬ ਵਿੱਚ ਐਲੀਮੈਂਟਰੀ ਸਿੱਖਿਆ ਵਿਭਾਗ ਅਧੀਨ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (BPEO) ਦੀਆਂ ਕੁੱਲ ਕਿੰਨੀਆਂ ਅਸਾਮੀਆਂ ਹਨ ਇਹਨਾਂ ਵਿੱਚੋਂ ਕਿੰਨੀਆਂ ਭਰੀਆਂ ਹਨ ਅਤੇ ਕਿੰਨੀਆਂ ਖਾਲੀ ਹਨ;

**ਅ)** ਇਹ ਖਾਲੀ ਅਸਾਮੀਆਂ ਨਾ ਭਰਨ ਦੇ ਕੀ ਕਾਰਨ ਹਨ ਅਤੇ ਇਹ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

### ਸਿੱਖਿਆ ਵਿਭਾਗ ਦੇ ਪੈਂਡਿੰਗ ਪਏ ਮੈਡੀਕਲ ਬਿੱਲ ਸਿੱਖਿਆ ਅਫਸਰ ਨੂੰ ਭੇਜਣੇ

162. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਡੀ.ਪੀ.ਆਈ (ਸੈ.ਸਿ) ਅਤੇ ਡੀ.ਪੀ.ਆਈ (ਐਲੀ.ਸਿ) ਦੇ ਮੋਹਾਲੀ ਸਥਿਤ ਦਫਤਰ ਵਿੱਚ ਅਨੇਕਾਂ ਮੈਡੀਕਲ ਰੀਇੰਮਬਰਸਮੈਂਟ ਦੇ ਬਿੱਲ ਪੈਂਡਿੰਗ ਪਏ ਹਨ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ਇਹ ਬਿੱਲ ਕਲੀਅਰ ਕਰਕੇ ਜ਼ਿਲਾ ਸਿੱਖਿਆ ਅਫਸਰ ਨੂੰ ਭੇਜ ਦਿੱਤੇ ਜਾਣਗੇ;

**ਅ)** ਇਹ ਕੇਸ ਲੰਮੇ ਸਮੇਂ ਤੋਂ ਪੈਂਡਿੰਗ ਪਏ ਰਹਿਣ ਕਰਕੇ ਕੀ ਸਰਕਾਰ ਸਬੰਧਿਤ ਅਧਿਕਾਰੀਆਂ ਦੀ ਕੋਈ ਜ਼ਿੰਮੇਵਾਰੀ ਫਿਕਸ ਕਰੇਗੀ?

### ਬੁਢਲਾਡਾ, ਬਰੇਟਾ, ਬੋਹਾ ਵਿੱਚ 20-20 ਸਾਲਾਂ ਤੋਂ ਰਹਿ ਰਹੇ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਦੇਣਾ

163. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਸਬ ਡਵੀਜ਼ਨ ਬੁਢਲਾਡਾ ਦੇ ਤਿੰਨ ਸ਼ਹਿਰਾਂ ਬੁਢਲਾਡਾ, ਬਰੇਟਾ ਅਤੇ ਬੋਹਾ ਵਿੱਚ ਅਨੇਕਾਂ ਅਜਿਹੇ ਪਰਿਵਾਰ ਰਹਿੰਦੇ ਹਨ, ਜਿਨ੍ਹਾਂ ਕੋਲ ਘਰ ਦੀ ਕੋਈ ਰਜਿਸਟਰੀ ਆਦਿ ਨਹੀਂ ਹੈ, ਪਰ ਇਹ 20-20 ਸਾਲਾਂ ਤੋਂ ਉੱਥੇ ਰਹਿ ਰਹੇ ਹਨ;

**ਅ)** ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਅਜਿਹੇ ਪਰਿਵਾਰਾਂ ਨੂੰ ਜਿਨਾਂ ਦੇ ਘਰਾਂ ਦੀ ਹਾਲਤ ਬਹੁਤ ਮਾੜੀ ਹੈ ਨੂੰ ਪ੍ਰਧਾਨ ਮੰਤਰੀ ਅਵਾਸ ਯੋਜਨਾ ਅਧੀਨ ਕੋਈ ਵਿੱਤੀ ਸਹਾਇਤਾ ਦੇਣ ਲਈ ਜਾਂ ਕੋਈ ਹੋਰ ਸਕੀਮ ਲਈ ਵਿਚਾਰ ਕਰੇਗੀ?

### ਸੂਬੇ ਦੇ ਹਰ ਨਾਗਰਿਕ ਨੂੰ ਹੈਲਥ ਕਾਰਡ ਜਾਰੀ ਕਰਨਾ

165. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਸਰਕਾਰ ਵੱਲੋਂ ਸੂਬੇ ਦੇ ਹਰ ਨਾਗਰਿਕ ਨੂੰ ਇੱਕ ਹੈਲਥ ਕਾਰਡ ਜਿਸ ਤੇ ਸਮੁੱਚੀ ਜਾਣਕਾਰੀ ਪੂਰੀ ਤਰ੍ਹਾਂ ਡਿਜੀਟਲ ਹੋਵੇਗੀ ਵੰਡਣ ਦੀ ਸ਼ੁਰੂਆਤ ਕਦੋਂ ਤੋਂ ਕਰਨ ਦੀ ਤਜਵੀਜ਼ ਹੈ ਅਤੇ ਕਦੋਂ ਤੱਕ ਰਾਜ ਦੇ ਸਾਰੇ ਨਾਗਰਿਕਾਂ ਨੂੰ ਹੈਲਥ ਕਾਰਡ ਪ੍ਰੋਵਾਈਡ ਕਰਵਾ ਦਿੱਤੇ ਜਾਣਗੇ ਅਤੇ ਇਸ ਹੈਲਥ ਕਾਰਡ ਰਾਹੀਂ ਨਾਗਰਿਕ ਕਿਹੜੇ-ਕਿਹੜੇ ਲਾਭ ਪ੍ਰਾਪਤ ਕਰ ਸਕਣਗੇ?

**ਪਰਤੋਂ ਜੀ........**

**ਲੁਧਿਆਣਾ ਵਿਖੇ ਬੱਚਿਆਂ ਦੀਆਂ ਵੱਖ-ਵੱਖ ਬਿਮਾਰੀਆਂ ਦੇ ਇਲਾਜ ਲਈ ਸਰਕਾਰੀ ਹਸਪਤਾਲ ਬਣਾਉਣਾ**

168. **ਸ਼੍ਰੀਮਤੀ ਰਾਜਿੰਦਰ ਪਾਲ ਕੌਰ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੁਧਿਆਣੇ ਸ਼ਹਿਰ ਵਿਖੇ ਸਿਰਫ ਬੱਚਿਆਂ ਲਈ ਕੋਈ ਸਰਕਾਰੀ ਹਸਪਤਾਲ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਹਲਕਾ ਸਾਊਥ ਲੁਧਿਆਣਾ ਦੀਆਂ ਅਨ-ਅਧਿਕਾਰਿਤ ਕਲੋਨੀਆਂ ਨੂੰ ਅਧਿਕਾਰਿਤ ਕਰਨਾ**

169. **ਸ਼੍ਰੀਮਤੀ ਰਾਜਿੰਦਰ ਪਾਲ ਕੌਰ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਸਾਊਥ ਲੁਧਿਆਣਾ ਵਿੱਚ ਬਹੁਤ ਸਾਰੇ ਨਗਰ ਅਤੇ ਕਲੋਨੀਆਂ ਅਜੇ ਵੀ ਅਨ-ਅਧਿਕਾਰਿਤ ਹਨ; ਜਿਸ ਕਾਰਨ ਸੀਵਰੇਜ਼, ਜਲ ਸਪਲਾਈ ਅਤੇ ਸੜਕਾਂ ਦੇ ਨਿਰਮਾਣ ਕਾਫੀ ਸਮੇਂ ਤੋਂ ਅਧੂਰੇ ਪਏ ਹਨ; ਜੇਕਰ ਅਜਿਹਾ ਹੈ ਤਾਂ ਕੀ ਇਨ੍ਹਾਂ ਇਲਾਕਿਆਂ ਨੂੰ ਅਧਿਕਾਰਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਾਲ 2012 ਤੋਂ ਹੁਣ ਤੱਕ ਕਿਸਾਨਾਂ ਅਤੇ ਮਜਦੂਰਾਂ ਵੱਲੋਂ ਕੀਤੀਆਂ ਖੁਦਕੁਸ਼ੀਆਂ ਦੇ ਵੇਰਵੇ**

179. **ਡਾ. ਨਛੱਤਰ ਪਾਲ, ਐਮ.ਐਲ.ਏ.:-** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਮਾਰਚ 2012 ਤੋਂ ਲੈ ਕੇ ਹੁਣ ਤੱਕ ਜ਼ਿਲ੍ਹਾਵਾਰ ਕਿੰਨੇ ਕਿਸਾਨਾਂ ਅਤੇ ਕਿੰਨੇ ਮਜਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ ਅਤੇ ਸਰਕਾਰ ਵੱਲੋਂ ਅਜਿਹੇ ਪੀੜਤ ਪਰਿਵਾਰਾਂ ਦੀ ਕੀ ਮੱਦਦ ਕੀਤੀ ਗਈ ਅਤੇ ਭਵਿੱਖ ਵਿੱਚ ਅਜਿਹੀਆਂ ਖੁਦਕੁਸ਼ੀਆਂ ਨੂੰ ਰੋਕਣ ਲਈ ਸਰਕਾਰ ਵੱਲੋਂ ਕੀ ਠੋਸ ਕਦਮ ਉਠਾਏ ਗਏ ਹਨ; ਵਿਸਥਾਰ ਸਹਿਤ ਦੱਸਿਆ ਜਾਵੇ?

**ਰਾਜ ਅੰਦਰ ਕੀੜੇਮਾਰ ਅਤੇ ਰਸਾਇਣਕ ਦਵਾਈਆਂ ਦੀ ਵੱਧ ਮਿਕਦਾਰ ਦੀ ਮਾਤਰਾ ਘਟਾਉਣਾ**

180. **ਡਾ. ਨਛੱਤਰ ਪਾਲ, ਐਮ.ਐਲ.ਏ.:-** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਅੰਦਰ ਕੀੜੇਮਾਰ ਅਤੇ ਰਸਾਇਣਕ ਦਵਾਈਆਂ ਦੀ ਲੋੜ ਤੋਂ ਵੱਧ ਮਿਕਦਾਰ ਵਿੱਚ ਵਰਤੋਂ ਕਾਰਨ ਇਹ ਮਾਤਰਾ ਹੁਣ ਖ਼ਤਰੇ ਵਾਲੀ ਸੀਮਾ ਤੱਕ ਪਹੁੰਚ ਗਈ ਹੈ ਤੇ ਇਨ੍ਹਾਂ ਦਵਾਈਆਂ/ਕੈਮੀਕਲਜ਼ ਦੇ residues ਨੇ ਧਰਤੀ ਹੇਠਲੇ ਪਾਣੀ ਨੂੰ ਬਹੁਤ ਪ੍ਰਦੂਸ਼ਤ ਕਰ ਦਿੱਤਾ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਕਿਸਾਨਾਂ ਨੂੰ ਇਨ੍ਹਾਂ ਦਵਾਈਆਂ ਦਾ ਸਹੀ ਇਸਤੇਮਾਲ ਕਰਨ ਅਤੇ ਅਜਿਹੀਆਂ ਦਵਾਈਆਂ ਦੀ ਮਾਤਰਾ ਨੂੰ ਘਟਾਉਣ ਵਾਸਤੇ ਕੀ ਉਪਰਾਲੇ ਕਰ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**11 ਮਾਰਚ 2022 ਤੋਂ ਹੁਣ ਤੱਕ ਪ੍ਰਿੰਟ ਮੀਡੀਆ ਦੇ ਇਸ਼ਤਿਹਾਰਾਂ ਤੇ ਹੋਏ ਖਰਚੇ ਦੇ ਵੇਰਵੇ**

181. **ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:-** ਕੀ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਸਰਕਾਰ ਵੱਲੋਂ ਡਾਇਰੈਕਟਰ, ਸੂਚਨਾ ਅਤੇ ਲੋਕ ਸੰਪਰਕ ਅਤੇ ਬੋਰਡ/ਕਾਰਪੋਰੇਸ਼ਨਾਂ ਦੁਆਰਾ 11 ਮਾਰਚ, 2022 ਤੋਂ ਹੁਣ ਤੱਕ ਪ੍ਰਿੰਟ ਮੀਡੀਆ, ਇਲੈਕਟ੍ਰਾਨਿਕ ਮੀਡੀਆ, ਹੋਰਡਿੰਗਾਂ ਅਤੇ ਸੰਕੇਤਾ/ਫਲੈਕਸ ਬੋਰਡਾਂ ਆਦਿ ਰਾਹੀਂ ਇਸ਼ਤਿਹਾਰਾਂ ਉੱਤੇ ਏਜੰਸੀਵਾਰ ਕੁੱਲ ਕਿੰਨਾ ਖਰਚਾ ਕੀਤਾ ਗਿਆ;

**ਅ)** ਸਰਕਾਰ ਵੱਲੋਂ ਪ੍ਰਿੰਟ ਮੀਡੀਆ ਅਤੇ ਇਲੈਕਟ੍ਰਾਨਿਕ ਮੀਡੀਆ ਨੂੰ ਵੱਖਰੇ ਤੋਰ ਤੇ ਇਸ਼ਤਿਹਾਰ ਜਾਰੀ ਕਰਨ ਲਈ ਕਿਹੜੇ ਮਾਪਦੰਡ ਅਪਣਾਏ ਜਾ ਰਹੇ ਹਨ?

**ਲਹਿਰਾਗਾਗਾ ਦੀ ਨਗਰ ਕੌਂਸਲ ਨੂੰ ਅਪ੍ਰੈਲ 2017 ਤੋਂ ਮਾਰਚ 2022 ਤੱਕ ਸਾਰੇ ਸਾਧਨਾਂ ਤੋਂ ਇੱਕਠਾ ਹੋਏ ਮਾਲੀਏ ਦੇ ਵੇਰਵੇ**

182 **ਸ਼੍ਰੀ ਬਰਿੰਦਰ ਕੁਮਾਰ ਗੋਇਲ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਲਹਿਰਾਗਾਗਾ ਦੀ ਨਗਰ ਕੌਂਸਲ ਨੂੰ ਅਪ੍ਰੈਲ 2017 ਤੋਂ ਮਾਰਚ 2022 ਤੱਕ ਸਾਰੇ ਸਾਧਨਾਂ ਤੋਂ ਕਿੰਨਾ ਮਾਲੀਆ ਪ੍ਰਾਪਤ ਹੋਇਆ ਹੈ ਅਤੇ ਇਹ ਕਿਹੜੇ ਕੰਮਾਂ ਵਾਸਤੇ ਖਰਚ ਕੀਤਾ ਗਿਆ ਹੈ; ਨਗਰ ਕੌਂਸਲ ਦੇ ਅਪ੍ਰੈਲ 2017 ਤੋਂ ਮਾਰਚ 2022 ਤੱਕ ਰਹੇ ਪ੍ਰਧਾਨਾਂ ਦੇ ਨਾਮਾਂ ਦੀ ਸੂਚੀ ਵੇਰਵੇ ਸਹਿਤ ਦਿੱਤੀ ਜਾਵੇ?

**ਨਾਭਾ ਦੇ ਸਰਕਾਰੀ ਹਸਪਤਾਲ ਵਿੱਚ ਨਵੀਆਂ ਸੀ.ਟੀ. ਸਕੈਨ, ਐਮ.ਆਰ.ਆਈ., ਅਤੇ ਡਾਇਲਸਿਸ ਮਸ਼ੀਨਾਂ ਮੁਹੱਈਆ ਕਰਾਉਣਾ ਅਤੇ ਆਈ.ਸੀ.ਯੂ. ਬਣਾਉਣਾ**

194. **ਸਰਦਾਰ ਗੁਰਦੇਵ ਸਿੰਘ ਦੇਵ ਮਾਨ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਨਾਭਾ ਦੇ ਸਰਕਾਰੀ ਹਸਪਤਾਲ ਵਿੱਚ ਨਵੀਆਂ ਸੀ.ਟੀ. ਸਕੈਨ, ਐਮ.ਆਰ.ਆਈ., ਅਤੇ ਡਾਇਲਸਿਸ ਮਸ਼ੀਨਾਂ ਮੁਹੱਈਆ ਕਰਾਉਣ ਅਤੇ ਆਈ.ਸੀ.ਯੂ. ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ;

**ਅ)** ਉਪਰੋਕਤ ਹਸਪਤਾਲ ਵਿੱਚ ਜੱਚਾ-ਬੱਚਾ ਕੇਂਦਰ ਦਾ ਕੰਮ ਕਦੋਂ ਤੱਕ ਮੁਕੰਮਲ ਹੋ ਜਾਵੇਗਾ ਅਤੇ ਇਹ ਸਰਵਿਸ ਕਦੋਂ ਤੋਂ ਚਾਲੂ ਕੀਤੀ ਜਾਵੇਗੀ?

**ਜੀਰਾ ਵਿਖੇ ਮੈਡੀਕਲ ਕਾਲਜ ਦਾ ਨਿਰਮਾਣ ਕਰਨਾ**

195. **ਸ਼੍ਰੀ ਨਰੇਸ਼ ਕਟਾਰੀਆ, ਐਮ.ਐਲ.ਏ.:-** ਕੀ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜੀਰਾ ਵਿਖੇ ਸਾਲ 2021 ਵਿੱਚ ਜੋ ਮੈਡੀਕਲ ਕਾਲਜ ਦਾ ਨੀਂਹ ਪੱਥਰ ਰੱਖਿਆ ਗਿਆ ਸੀ, ਉਸ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਕੀ ਇਸ ਕਾਲਜ ਦਾ ਨਿਰਮਾਣ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਇਹ ਕੰਮ ਕਦੋਂ ਤੱਕ ਮੁਕੰਮਲ ਹੋ ਜਾਵੇਗਾ ਅਤੇ ਪੜਾਈ ਕਦੋਂ ਸ਼ੁਰੂ ਹੋ ਜਾਵੇਗੀ?

**ਹਲਕਾ ਜੀਰਾ ਦੇ ਕਸਬਾ ਮੱਖੂ ਵਿਖੇ ਬੱਸ ਸਟੈਂਡ ਬਣਾਉਣਾ**

196. **ਸ਼੍ਰੀ ਨਰੇਸ਼ ਕਟਾਰੀਆ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੀਰਾ ਹਲਕੇ ਦੇ ਮੱਖੂ ਕਸਬਾ ਵਿੱਖੇ ਬੱਸ ਸਟੈਂਡ ਦਾ ਨੀਂਹ ਪੱਥਰ ਪਿਛਲੀ ਸਰਕਾਰ ਸਮੇਂ ਰੱਖਿਆ ਗਿਆ ਸੀ; ਜੇਕਰ ਅਜਿਹਾ ਹੈ ਤਾਂ ਇਹ ਬੱਸ ਸਟੈਂਡ ਕਦੋਂ ਤੱਕ ਮੁਕੰਮਲ ਹੋ ਜਾਵੇਗਾ?

**ਸਾਲ 2010 ਤੋਂ ਦਸੰਬਰ 2022 ਤੱਕ ਹਾਰਟ ਅਟੈਕ ਨਾਲ ਹੋਈਆਂ ਮੋਤਾਂ ਦੇ ਵੇਰਵੇ**

199. **ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2010 ਤੋਂ ਲੈ ਕੇ 31 ਦਸੰਬਰ 2022 ਤੱਕ ਹਾਰਟ ਅਟੈਕ ਨਾਲ ਪੰਜਾਬ ਭਰ ਵਿੱਚ ਕੁੱਲ ਕਿੰਨੀਆਂ ਮੌਤਾਂ ਹੋਈਆਂ ਅਤੇ ਜ਼ਿਲ੍ਹਾ ਤਰਨ ਤਾਰਨ ਵਿੱਚ ਕੁੱਲ ਕਿੰਨੀਆਂ ਮੌਤਾਂ ਹੋਈਆਂ, ਵੇਰਵੇ ਸਹਿਤ ਦੱਸਿਆ ਜਾਵੇ?

**ਜ਼ਿਲ੍ਹਾ ਤਰਨਤਾਰਨ ਵਿੱਚ ਨਸ਼ੇ ਦੀ ਓਵਰਡੋਜ਼ ਨਾਲ ਹੋਈਆਂ ਮੌਤਾਂ ਦੇ ਵੇਰਵੇ**

200. **ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਤਰਨਤਾਰਨ ਵਿੱਚ ਸ਼ਰਾਬ ਨੂੰ ਛੱਡ ਕੇ ਹੋਰ ਕਿਸੇ ਵੀ ਨਸ਼ੇ ਦੀ ਓਵਰਡੋਜ਼ ਨਾਲ ਹੋਈਆਂ ਮੌਤਾਂ ਦੀ 2017 ਤੋਂ ਲੈ ਕੇ 31.12.2022 ਤੱਕ ਕੁੱਲ ਗਿਣਤੀ ਕਿੰਨੀ ਹੈ ਅਤੇ ਹਰੇਕ ਮਰਨ ਵਾਲੇ ਵਿਅਕਤੀ ਦੀ ਪੋਸਟਮਾਰਟਮ ਰਿਪੋਰਟ ਅਨੁਸਾਰ ਕਿਸ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਅੰਮ੍ਰਿਤਸਰ ਕੇਂਦਰ ਸਹਿਕਾਰੀ ਬੈਂਕ ਲਿਮਟਿਡ ਹਾਲ ਗੇਟ ਵਿੱਚ ਬੋਰਡ ਆਫ ਡਾਇਰੈਕਟਰ ਅਤੇ ਚੇਅਰਮੈਨ ਦੀ ਚੋਣ ਦੀ ਇੰਕੁਆਰੀ ਦੇ ਵੇਰਵੇ**

207. **ਡਾ. ਜਸਬੀਰ ਸਿੰਘ ਸੰਧੂ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅੰਮ੍ਰਿਤਸਰ ਕੇਂਦਰੀ ਸਹਿਕਾਰੀ ਬੈਂਕ ਲਿਮਟਡ ਹਾਲ ਗੇਟ ਅੰਮ੍ਰਿਤਸਰ ਦੇ ਵਿੱਚ ਬੋਰਡ ਆਫ ਡਾਇਰੈਕਟਰ ਅਤੇ ਚੇਅਰਮੈਨ ਦੀ ਚੋਣ ਦੀ ਇੰਕੁਆਰੀ ਸਬੰਧੀ ਜੋ ਇੰਕੁਆਰੀ ਸੰਯੁਕਤ ਰਜਿਸਟਰਾਰ ਸਹਿਕਾਰੀ ਸੇਵਾਵਾਂ ਜਲੰਧਰ ਵੱਲੋਂ ਕੀਤੀ ਗਈ ਹੈ; ਉਹ ਵੇਰਵੇ ਸਹਿਤ ਦੱਸੀ ਜਾਵੇ?

**ਅੰਮ੍ਰਿਤਸਰ ਸ਼ਹਿਰ ਵਿਖੇ ਵਾਟਰ ਸਪਲਾਈ ਅਤੇ ਸੀਵਰੇਜ ਨੂੰ ਠੀਕ ਕਰਵਾਉਣਾ**

208. **ਡਾ. ਜਸਬੀਰ ਸਿੰਘ ਸੰਧੂ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅੰਮ੍ਰਿਤਸਰ ਸ਼ਹਿਰ ਦੇ ਵਿੱਚ ਵਾਟਰ ਸਪਲਾਈ ਅਤੇ ਸੀਵਰੇਜ਼ ਪੁਰਾਣਾ ਹੋਣ ਕਰਕੇ ਜੋ ਸਮੱਸਿਆ ਹੈ; ਕੀ ਇਸ ਨੂੰ ਠੀਕ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਅੰਮ੍ਰਿਤਸਰ ਪੱਛਮੀ ਹਲਕੇ ਵਿੱਚ ਵਿਕਾਸ ਦੇ ਪ੍ਰੋਜੈਕਟ ਦੇ ਵੇਰਵੇ**

209. **ਡਾ. ਜਸਬੀਰ ਸਿੰਘ ਸੰਧੂ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਤੀ 1 ਅਪ੍ਰੈਲ 2017 ਤੋਂ 31 ਮਾਰਚ 2022 ਦੇ ਦੋਰਾਨ ਅੰਮ੍ਰਿਤਸਰ ਪੱਛਮੀ ਹਲਕੇ ਵਿੱਚ ਵਿਕਾਸ ਦੇ ਜੋ ਪ੍ਰੋਜੈਕਟ ਸਰਕਾਰ ਵੱਲੋਂ ਪਾਸ ਕੀਤੇ ਗਏ ਸੀ, ਅਜਿਹੇ ਵਿਕਾਸ ਦੇ ਕੰਮਾਂ ਦੇ ਨਾਮ ਤੇ ਵੇਰਵੇ ਅਤੇ ਕਿਸ ਏਜੰਸੀ ਵੱਲੋਂ ਪ੍ਰੋਜੈਕਟ ਕੀਤੇ ਗਏ; ਵੇਰਵੇ ਸਹਿਤ ਦੱਸਿਆ ਜਾਵੇ?

**ਪਰਤੋਂ ਜੀ.........**

**ਪਿੰਡ ਖਨੌਰੀ ਦੀ ਗ੍ਰਾਮ ਪੰਚਾਇਤ ਨੂੰ ਦਿੱਤੀਆਂ ਗ੍ਰਾਂਟਾਂ ਦੇ ਵੇਰਵੇ**

**212. ਸ਼੍ਰੀ ਬਰਿੰਦਰ ਕੁਮਾਰ ਗੋਇਲ, ਐਮ.ਐਲ.ਏ.:–** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਲਹਿਰਾਗਾਗਾ ਦੇ ਪਿੰਡ ਖਨੌਰੀ ਦੀ ਗ੍ਰਾਮ ਪੰਚਾਇਤ ਨੂੰ ਅਪ੍ਰੈਲ 2017 ਤੋਂ ਮਾਰਚ 2022 ਤੱਕ ਕਿੰਨੀ ਗ੍ਰਾਂਟ ਜਾਂ ਵਿੱਤੀ ਸਹਾਇਤਾ ਮਿਲੀ ਹੈ ਅਤੇ ਇਹ ਕਿਹੜੇ-ਕਿਹੜੇ ਮੰਤਵ ਲਈ ਖਰਚ ਕੀਤੀ ਗਈ ਹੈ; ਵੇਰਵੇ ਸਹਿਤ ਜਾਣਕਾਰੀ ਦਿੱਤੀ ਜਾਵੇ?

**ਸੂਬੇ ਵਿੱਚ ਅਪ੍ਰੈਲ 2022 ਤੋਂ ਹੁਣ ਤੱਕ ਹੋਏ ਕਤਲਕਾਂਡ ਅਤੇ ਹੋਰ ਵਾਰਦਾਤਾਂ ਤੇ ਕੀਤੀ ਗਈ ਕਾਰਵਾਈ ਦੇ ਵੇਰਵੇ**

**215. ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੂਬੇ ਵਿੱਚ ਅਪ੍ਰੈਲ 2022 ਤੋਂ ਹੁਣ ਤੱਕ ਕਿੰਨੇ ਵਿਅਕਤੀਆਂ ਦੇ ਕਤਲ ਗੋਲੀ ਲੱਗਣ, ਕਿੰਨੇ ਕਤਲ ਕਿਸੇ ਹੋਰ ਹਥਿਆਰਾਂ ਨਾਲ ਹੋਏ ਅਤੇ ਕਿਡਨੈਪਿੰਗ, ਚੋਰੀ, ਲੁੱਟ-ਖੋਹ ਅਤੇ ਜਬਰੀ ਵਸੂਲੀ (extortion) ਦੇ ਕਿੰਨੇ-ਕਿੰਨੇ ਮਾਮਲੇ ਦਰਜ ਕੀਤੇ ਗਏ ਹਨ, ਇਨ੍ਹਾਂ ਵਿੱਚੋਂ ਕਿੰਨੇ ਮਾਮਲੇ ਸੁਲਝਾ ਲਏ ਗਏ ਹਨ ਤੇ ਕਿੰਨੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਬਾਕੀ ਮੁਲਜ਼ਮਾਂ ਨੂੰ ਅਜੇ ਤੱਕ ਨਾ ਫੜਨ ਦੇ ਕੀ ਕਾਰਨ ਹਨ, ਭਵਿੱਖ ਵਿੱਚ ਅਜਿਹੀਆਂ ਵਾਰਦਾਤਾਂ ਨੂੰ ਰੋਕਣ ਅਤੇ ਸੂਬੇ ਦੀ ਖਰਾਬ ਹੋਈ ਲਾਅ ਐਂਡ ਆਡਰ ਦੀ ਸਥਿਤੀ ਨੂੰ ਠੀਕ ਰੱਖਣ ਲਈ ਸਰਕਾਰ ਵੱਲੋਂ ਕੀ ਠੋਸ ਕਾਰਵਾਈ ਕੀਤੀ ਜਾ ਰਹੀ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਔਰਤਾਂ ਦੇ ਮੁਫਤ ਬੱਸ ਸਫਰ ਦੀ ਸਹੂਲਤ ਦੇ ਬਿੱਲਾਂ ਦੀ ਅਦਾਇਗੀ ਦੇ ਵੇਰਵੇ**

**217. ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਕੀ ਸਰਕਾਰ ਵਲੋਂ ਪੀ.ਆਰ.ਟੀ.ਸੀ., ਪੰਜਾਬ ਰੋਡਵੇਜ਼ ਅਤੇ ਪਨਬੱਸ ਨੂੰ ਔਰਤਾਂ ਦੇ ਮੁਫ਼ਤ ਬੱਸ ਸਫਰ ਦੀ ਸਹੂਲਤ ਦੇ ਬਿੱਲਾਂ ਦੀ ਅਦਾਇਗੀ ਸਮੇਂ ਸਿਰ ਕੀਤੀ ਜਾ ਰਹੀ ਹੈ; ਜੇਕਰ ਹਾਂ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਜੇਕਰ ਨਹੀਂ ਤਾਂ ਕਿੰਨੇ ਮਹੀਨਿਆਂ ਦੇ ਕਿੰਨੇ ਬਿੱਲਾਂ ਦੀ ਅਦਾਇਗੀ ਅਜੇ ਸਰਕਾਰ ਵੱਲ ਪੈਂਡਿੰਗ ਹੈ, ਪੈਂਡਿੰਗ ਬਿਲ ਦੀ ਅਦਾਇਗੀ ਕਦੋਂ ਤੱਕ ਕਰ ਦਿੱਤੀ ਜਾਵੇਗੀ ਅਤੇ ਸਮੇਂ ਸਿਰ ਬਿੱਲ ਅਦਾ ਨਾ ਕਰਨ ਦੇ ਕੀ ਕਾਰਨ ਹਨ;

**ਅ)** ਕੀ ਭਵਿੱਖ ਵਿੱਚ ਪੀ.ਆਰ.ਟੀ.ਸੀ, ਪੰਜਾਬ ਰੋਡਵੇਜ਼ ਅਤੇ ਪਨਬੱਸ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਸਮੇਤ ਡੀਜ਼ਲ, ਸਪੇਅਰ ਪਾਰਟਸ ਅਤੇ ਰੋਜ਼ਾਨਾ ਹੋਣ ਵਾਲੇ ਹੋਰ ਖਰਚਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਭਾਗ ਨੂੰ ਮੁਫ਼ਤ ਬੱਸ ਸਫਰ ਦੇ ਬਿੱਲਾਂ ਦੀ ਅਦਾਇਗੀ ਪ੍ਰਤੀ ਮਹੀਨਾ ਕਰਨ ਨੂੰ ਯਕੀਨੀ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਪਨਬਸ, ਪੰਜਾਬ ਰੋਡਵੇਜ ਅਤੇ ਪੀ.ਆਰ.ਟੀ.ਸੀ. ਦੀਆਂ ਬੱਸਾਂ ਦੇ ਵੇਰਵੇ**

**226. ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ.:–** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਸਰਕਾਰੀ ਏਜੰਸੀਆਂ ਜਿਵੇਂ ਕਿ ਪਨਬਸ, ਪੰਜਾਬ ਰੋਡਵੇਜ ਅਤੇ ਪੀ.ਆਰ.ਟੀ.ਸੀ. ਕੋਲ ਕਿੰਨੀਆਂ ਬੱਸਾਂ ਹਨ;

**ਅ)** ਉਕਤ ਏਜੰਸੀਆਂ ਕੋਲ ਕਿੰਨੇ ਰੂਟ ਹਨ ਉਹਨਾਂ ਵਿੱਚੋਂ ਕਿੰਨੇ ਬੰਦ ਪਏ ਹਨ ਅਤੇ ਕਿਨੇ ਚੱਲ ਰਹੇ ਹਨ, ਕੀ ਬੰਦ ਪਏ ਰੂਟ ਚਲਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ;

**ੲ)** ਸਾਲ 2007 ਤੋਂ ਸਾਲ 2022 ਤੱਕ ਸਰਕਾਰੀ ਟਰਾਂਸਪੋਰਟ ਏਜੰਸੀਆਂ ਦੀ ਕਿੰਨੀ ਆਮਦਨ ਸੀ ਅਤੇ ਮੌਜੂਦਾ ਸਮੇਂ ਵਿੱਚ ਕਿੰਨੀ ਆਮਦਨ ਹੈ?

**ਸਾਲ 2007 ਤੋਂ 2022 ਤੱਕ ਰੇਤੇ ਦੀਆਂ ਖੱਡਾਂ ਦੇ ਵੇਰਵੇ**

**227. ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ.:–** ਕੀ ਮਾਈਨਜ਼ ਅਤੇ ਜਿਓਲੋਜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਸੂਬੇ ਵਿੱਚ ਰੇਤ ਦੀਆਂ ਪਬਲਿਕ ਦੀ ਵਰਤੋਂ ਲਈ ਕਿੰਨੀਆਂ ਖੱਡਾਂ ਹਨ;

**ਅ)** ਸਾਲ 2007 ਤੋਂ 2022 ਤੱਕ ਕੁੱਲ ਕਿੰਨੀਆਂ ਖੱਡਾਂ ਚਲਦੀਆਂ ਸਨ ਅਤੇ ਮੌਜੂਦਾ ਸਮੇਂ ਵਿੱਚ ਕਿੰਨੀਆਂ ਖੱਡਾਂ ਚੱਲ ਰਹੀਆਂ ਹਨ?

**ਸਰਕਾਰੀ ਰਿਪੁਦਮਨ ਕਾਲਜ ਨਾਭਾ ਦੇ ਗਰਾਊਂਡ ਨੂੰ ਮਲਟੀ ਸਪੋਰਟਸ ਸਟੇਡੀਅਮ ਬਣਾਉਣਾ**

**228. ਸਰਦਾਰ ਗੁਰਦੇਵ ਸਿੰਘ ਦੇਵ ਮਾਨ, ਐਮ.ਐਲ.ਏ.:–** ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਾਭਾ ਸਥਿਤ ਸਰਕਾਰੀ ਰਿਪੁਦਮਨ ਕਾਲਜ ਦੇ ਗਰਾਉਂਡ ਨੂੰ ਮਲਟੀ ਸਪੋਰਟਸ ਸਟੇਡੀਅਮ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਵਿਧਾਨ ਸਭਾ ਹਲਕਾ ਨਾਭਾ ਵਿਖੇ ਹਾਈਟੇਕ ਬੱਸ ਸਟੈਂਡ ਬਣਾਉਣਾ**

**229. ਸਰਦਾਰ ਗੁਰਦੇਵ ਸਿੰਘ ਦੇਵ ਮਾਨ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿਛਲੀ ਸਰਕਾਰ ਨੇ ਨਾਭਾ ਵਿਖੇ 4 ਕਰੋੜ ਰੁਪਏ ਦੀ ਲਾਗਤ ਵਾਲਾ ਨਵਾਂ ਹਾਈਟੈਕ ਬੱਸ ਸਟੈਂਡ ਬਣਾਉਣ ਦੀ ਤਜਵੀਜ਼ ਮੰਨਜ਼ੂਰ ਕੀਤੀ ਸੀ; ਜੇਕਰ ਅਜਿਹਾ ਹੋਵੇ ਤਾਂ ਨਾਭਾ ਵਿਖੇ ਨਵਾਂ ਹਾਈਟੈਕ ਬੱਸ ਸਟੈਂਡ ਬਣਾਉਣ ਦਾ ਕੰਮ ਕਦੋਂ ਤੱਕ ਸ਼ੁਰੂ ਕੀਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਭਵਾਨੀਗੜ੍ਹ-ਨਾਭਾ-ਗੋਬਿੰਦਗੜ ਰੋਡ ਨੂੰ ਚਾਰ ਮਾਰਗੀ ਬਣਾਉਣਾ**

**230. ਸਰਦਾਰ ਗੁਰਦੇਵ ਸਿੰਘ ਦੇਵ ਮਾਨ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿਛਲੀ ਸਰਕਾਰ ਨੇ ਭਵਾਨੀਗੜ੍ਹ-ਨਾਭਾ- ਗੋਬਿੰਦਗੜ ਰੋਡ ਨੂੰ ਚਾਰ ਮਾਰਗੀ ਬਣਾਉਣ ਦੀ ਤਜਵੀਜ਼ ਮੰਜ਼ੂਰ ਕੀਤੀ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਰੋਡ ਨੂੰ ਚਾਰ ਮਾਰਗੀ ਬਣਾਉਣ ਦਾ ਕੰਮ ਕਦੋਂ ਤੱਕ ਸ਼ੁਰੂ ਕੀਤਾ ਜਾਵੇਗਾ?

**ਰਾਜ ਵਿੱਚ ਅਤੇ ਹਲਕਾ ਸਨੌਰ ਦੇ ਅਧੀਨ ਤਹਿਸੀਲ ਪਟਿਆਲਾ ਅਤੇ ਦੂਧਨ ਸਾਧਾਂ ਦੇ ਕਿਸਾਨਾਂ ਨੂੰ ਮੁਆਵਜ਼ਾ ਦੇਣਾ**

**237. ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਸਾਲ 2022 ਦੌਰਾਨ ਹਲਕਾ ਸਨੌਰ ਦੇ ਅਧੀਨ ਤਹਿਸੀਲ ਪਟਿਆਲਾ ਅਤੇ ਤਹਿਸੀਲ ਦੂਧਨ ਸਾਧਾਂ ਵਿੱਚ ਪੈਂਦੇ ਪਿੰਡਾਂ ਦੇ ਕਿਸਾਨਾਂ ਦੀ ਦੌਰਾਨ ਝੋਨੇ ਦੀ ਫਸਲ ਦੀ ਪਹਿਲਾਂ ਚਾਈਨਾ ਵਾਇਰਸ ਅਤੇ ਫਿਰ ਮੀਂਹ/ਗੜ੍ਹੇ ਪੈਂਣ ਕਾਰਨ ਕਿੰਨਾਂ-2 ਏਕੜ ਰਕਬਾ ਪ੍ਰਭਾਵਿਤ ਹੋਇਆ ਸੀ; ਪ੍ਰਭਾਵਿਤ ਹੋਈਆਂ ਫ਼ਸਲਾਂ ਦਾ ਕਿਸਾਨਾਂ ਨੂੰ ਕਿੰਨਾਂ-2 ਮੁਆਵਜ਼ਾ ਦੇ ਦਿੱਤਾ ਗਿਆ ਹੈ ਅਤੇ ਕਿੰਨਾਂ ਮੁਆਵਜਾਂ ਦੇਣਾ ਪੈਡਿੰਗ ਪਿਆ ਹੈ, ਪੈਡਿੰਗ ਮੁਆਵਜ਼ਾ ਅਜੇ ਤੱਕ ਕਿਸਾਨਾਂ ਨੂੰ ਨਾ ਦੇਣ ਦੇ ਕੀ ਕਾਰਨ ਹਨ ਅਤੇ ਇਹ ਕਦੋਂ ਤੱਕ ਪ੍ਰਭਾਵਿਤ ਕਿਸਾਨਾਂ ਨੂੰ ਦੇ ਦਿੱਤਾ ਜਾਵੇਗਾ; ਪਿੰਡ ਵਾਇਜ਼ ਵੇਰਵੇ ਸਹਿਤ ਦੱਸਿਆ ਜਾਵੇ;

**ਅ)** ਰਾਜ ਵਿੱਚ ਸਾਲ, 2022 ਦੌਰਾਨ ਕਿਸਾਨਾਂ ਦੀ ਝੋਨੇ ਫਸਲ ਦਾ ਪਹਿਲਾਂ ਚਾਈਨਾ ਵਾਇਰਸ ਅਤੇ ਫਿਰ ਮੀਂਹ/ਗੜ੍ਹੇ ਪੈਂਣ ਕਾਰਨ ਕਿੰਨਾਂ-2 ਏਕੜ ਰਕਬਾ ਪ੍ਰਭਾਵਿਤ ਹੋਇਆ ਸੀ, ਪ੍ਰਭਾਵਿਤ ਹੋਈਆਂ ਫਸਲਾਂ ਦਾ ਕਿਸਾਨਾਂ ਨੂੰ ਕਿੰਨਾਂ-2 ਮੁਆਵਜ਼ਾ ਦੇ ਦਿੱਤਾ ਗਿਆ ਹੈ ਅਤੇ ਅਜੇ ਕਿੰਨੇ ਕਿਸਾਨਾਂ ਨੂੰ ਮੁਆਵਜ਼ਾ ਦੇਣਾ ਪੈਂਡਿੰਗ ਪਿਆ ਹੈ, ਪੈਂਡਿੰਗ ਮੁਆਵਜ਼ਾ ਅਜੇ ਤੱਕ ਕਿਸਾਨਾਂ ਨੂੰ ਨਾ ਦੇਣ ਦੇ ਕੀ ਕਾਰਨ ਹਨ ਅਤੇ ਪੈਂਡਿੰਗ ਮੁਆਵਜ਼ਾ ਕਦੋਂ ਤੱਕ ਪ੍ਰਭਾਵਿਤ ਕਿਸਾਨਾਂ ਨੂੰ ਦੇ ਦਿੱਤਾ ਜਾਵੇਗਾ; ਜ਼ਿਲ੍ਹਵਾਰ ਵੇਰਵੇ ਸਹਿਤ ਦੱਸਿਆ ਜਾਵੇ?

**ਹਲਕਾ ਰਾਏਕੋਟ ਵਿੱਚ ਸਰਕਾਰੀ ਐਲੀਮੈਂਟਰੀ ਸਕੂਲਾਂ ਦੀ ਗਿਣਤੀ**

**240. ਸ਼੍ਰੀ ਹਾਕਮ ਸਿੰਘ ਠੇਕੇਦਾਰ, ਐਮ.ਐਲ.ਏ.:–** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਰਾਏਕੋਟ ਵਿੱਚ ਕਿੰਨੇ ਸਰਕਾਰੀ ਐਲੀਮੈਂਟਰੀ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਹਨ ਅਤੇ ਇਹਨਾ ਵਿੱਚ ਕਿੰਨੀਆ ਮੰਨਜ਼ੂਰਸ਼ੁਦਾ ਅਸਾਮੀਆਂ ਹਨ ਅਤੇ ਕਿੰਨੀਆਂ ਖਾਲ੍ਹੀ ਪਈਆਂ ਹਨ ਅਤੇ ਇਹ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

**IDBP 2017 ਅਧੀਨ ਮਾਰਕਿਟ ਕਮੇਟੀ ਫੀਸ ਤੋਂ ਛੂਟ ਲੈਣਾ**

**249. ਡਾ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇੰਡਟਰੀਅਲ ਡਿਵਲਪਮੈਂਟ ਬਿਜਨਿਸ ਪਾਲਿਸੀ 2017 ਅਧੀਨ ਕਿੰਨੀਆਂ ਐਗਰੀ ਮੈਗਾ ਪ੍ਰੋਜੈਕਟਾਂ ਨੇ ਮਾਰਕਿਟ ਕਮੇਟੀ ਫੀਸ ਤੋਂ ਛੂਟ ਲਈ ਹੈ, ਕੰਪਨੀਆਂ ਦੇ ਨਾਮ ਦੱਸੇ ਜਾਣ; ਕੀ ਇਹਨਾਂ ਸਾਰੀਆਂ ਕੰਪਨੀਆਂ ਨੇ ਇਹ ਮੈਗਾ ਪ੍ਰੋਜੈਕਟ ਸਥਾਪਤ ਕਰ ਕੇ ਇਸ ਤੋਂ ਛੂਟ ਦੀ ਯੋਗਤਾ ਪੂਰੀ ਕਰ ਲਈ ਹੈ?

**ਚੰਡੀਗੜ੍ਹ**
**ਮਿਤੀ 09 ਮਾਰਚ, 2023**

**ਸੁਰਿੰਦਰ ਪਾਲ,**
**ਸਕੱਤਰ,**
**ਪੰਜਾਬ ਵਿਧਾਨ ਸਭਾ।**

**ਨੋਟ:– ਜੇਕਰ ਕੋਈ ਪ੍ਰਸ਼ਨ ਕਿਸੇ ਦੂਜੇ ਵਿਭਾਗ ਨੂੰ ਤਬਦੀਲ ਹੁੰਦਾ ਹੈ ਤਾਂ ਉਹ ਉਸੇ ਵਿਭਾਗ ਦਾ ਹੀ ਸਮਝਿਆ ਜਾਵੇਗਾ, ਜਿਸਨੂੰ ਤਬਦੀਲ ਕੀਤਾ ਗਿਆ ਹੈ।**